


# ਕੋਵਿਡ-19 ਤੋਂ ਸੁਰੱਖਿਅਤ ਹੋਵੋ

ਕੋਰੋਨਾਵਾਇਰਸ ਕਿਸੇ ਨੂੰ ਵੀ ਹੋ ਲੱਗ ਸਕਦੀ ਹੈ। ਕੋਵਿਡ-19 ਟੀਕੇ ਤੁਹਾਨੂੰ ਇਸ ਬਿਮਾਰੀ ਤੋਂ ਬਚਣ ਅਤੇ ਗੰਭੀਰ ਰੂਪ ਵਿਚ ਬਿਮਾਰ ਹੋਣ ਦੇ ਖਤਰੇ ਨੂੰ ਘੱਟ ਕਰਨ ਵਿਚ ਮਦਦ ਕਰਨਗੇ।

ਤੁਹਾਨੂੰ ਹੇਠ ਲਿਖੀਆਂ ਗੱਲਾਂ ਬਾਰੇ ਪਤਾ ਹੋਣਾ ਚਾਹੀਦਾ ਹੈ:

- ਸਾਰੇ ਟੀਕਿਆਂ ਵਾਂਗ, ਕੋਵਿਡ-19 ਦਾ ਟੀਕਾ ਤੁਹਾਡੇ ਸਰੀਰ ਨੂੰ ਵਾਇਰਸ ਦਾ ਮੁਕਾਬਲਾ ਕਰਨ ਦੀ ਸਿਖਲਾਈ ਦਿੰਦਾ ਹੈ। ਇਸ ਨਾਲ ਤੁਹਾਨੂੰ ਕੋਰੋਨਾਵਾਇਰਸ ਨਹੀਂ ਲੱਗ ਸਕਦੀ ਅਤੇ ਇਸਦੇ ਅੰਸ਼ ਕੁਝ ਦਿਨਾਂ ਬਾਅਦ ਤੁਹਾਡੇ ਸਰੀਰ ਵਿਚੋਂ ਨਿਕਲ ਜਾਂਦੇ ਹਨ।
- **ਟੀਕੇ ਸੁਰੱਖਿਅਤ, ਟੈਸਟ ਕੀਤੇ ਹੋਏ ਅਤੇ ਅਸਰਦਾਇਕ ਹਨ:** ਇਨ੍ਹਾਂ ਨੂੰ ਉਸੇ ਤਰ੍ਹਾਂ ਟੈਸਟ ਕੀਤਾ ਗਿਆ ਹੈ ਜਿਵੇਂ ਹੋਰ ਟੀਕੇ ਅਤੇ ਦਵਾਈਆਂ, ਜਿਸਤੋਂ ਪਤਾ ਚੱਲਦਾ ਹੈ ਕਿ ਇਹ ਸੁਰੱਖਿਅਤ ਹਨ ਅਤੇ ਕੋਵਿਡ-19 ਦੀ ਵਾਇਰਸ ਤੋਂ ਬਹੁਤ ਜ਼ਿਆਦਾ ਸੁਰੱਖਿਆ ਪਰਦਾਨ ਕਰਦੇ ਹਨ।
- ਇਨ੍ਹਾਂ ਵਿਚੋਂ ਕਿਸੇ ਵੀ ਟੀਕੇ ਵਿਚ ਜਾਨਵਰਾਂ ਜਾਂ ਭਰੂਣ ਦਾ ਕੋਈ ਉਤਪਾਦ ਨਹੀਂ ਹੈ ਅਤੇ ਇਨ੍ਹਾਂ ਨਾਲ ਤੁਹਾਡਾ ਡੀ ਐੱਨ ਏ ਨਹੀਂ ਬਦਲਦਾ।
- ਇਹ ਟੀਕੇ ਮੁਸਲਮਾਨ ਲੀਡਰਾਂ ਵਲੋਂ ਹਲਾਲ ਮੰਨੇ ਗਏ ਹਨ ਅਤੇ ਕ੍ਰਿਸਚੀਅਨ, ਹਿੰਦੂ ਅਤੇ ਯਹੂਦੀ ਧਰਮ ਦੇ ਲੀਡਰਾਂ ਨੇ ਵੀ ਇਨ੍ਹਾਂ ਟੀਕਿਆਂ ਨੂੰ ਪ੍ਰਵਾਨਗੀ ਦਿੱਤੀ ਹੈ। ਇਸਲਾਮਿਕ ਸਕਾਲਰ ਇਸ ਗੱਲ ਬਾਰੇ ਵੀ ਸਪੱਸ਼ਟ ਹਨ ਕਿ ਇਨ੍ਹਾਂ ਟੀਕਿਆਂ ਨਾਲ ਰੋਜਾ ਭੰਗ ਨਹੀਂ ਹੁੰਦਾ ਇਸ ਲਈ ਤੁਸੀਂ ਰਮਜ਼ਾਨ ਦੇ ਮਹੀਨੇ ਵੀ ਟੀਕਾ ਲਗਵਾ ਸਕਦੇ ਹੋ।
- ਇਹ ਟੀਕੇ ਕੇਵਲ ਨੈਸ਼ਨਲ ਹੈਲਥ ਸਰਵਿਸ ਤੋਂ ਅਪੁਆਇੰਟਮੈਂਟ ਬਣਾ ਕੇ ਲਵਾਏ ਜਾ ਸਕਦੇ ਹਨ ਅਤੇ ਇਹ ਮੁਫ਼ਤ ਹਨ। ਇਹ ਲੋਕਾਂ ਨੂੰ ਉਮਰ ਦੇ ਹਿਸਾਬ ਨਾਲ ਲਗਾਏ ਜਾਂਦੇ ਹਨ ਜਾਂ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਬਿਮਾਰ ਰਹਿਣ ਕਾਰਨ ਕੋਵਿਡ-19 ਹੋਣ ਦਾ ਵਧੇਰੇ ਖਤਰਾ ਹੋਵੇ।
- ਜਦ ਤੁਹਾਡੀ ਵਾਰੀ ਆਵੇਗੀ ਨੈਸ਼ਨਲ ਹੈਲਥ ਸਰਵਿਸ ਤੁਹਾਡੇ ਨਾਲ ਸੰਪਰਕ ਕਰੇਗੀ - ਤੁਹਾਡੇ ਜੀਪੀ ਦੀ ਸਰਜਰੀ ਵਾਲੇ ਤੁਹਾਡੇ ਨਾਲ ਸੰਪਰਕ ਕਰਨਗੇ ਜਾਂ ਤੁਹਾਨੂੰ ਨੈਸ਼ਨਲ ਹੈਲਥ ਸਰਵਿਸ ਨੈਸ਼ਨਲ ਬੁਕਿੰਗ ਸਰਵਿਸ ਵਲੋਂ ਚਿੱਠੀ ਮਿਲੇਗੀ। ਤੁਸੀਂ ਇਹ ਪਤਾ ਕਰਨ ਲਈ ਆਪਣੇ ਜੀਪੀ ਦੀ ਸਰਜਰੀ ਨਾਲ ਸੰਪਰਕ ਨਾ ਕਰੋ ਕਿ ਤੁਹਾਡੇ ਜਾਂ ਕਿਸੇ ਹੋਰ ਪਰਿਵਾਰਕ ਮੈਂਬਰ ਦੇ ਟੀਕਾ ਕਦੋਂ ਲੱਗੇਗਾ, ਉਹ ਤੁਹਾਨੂੰ ਇਸ ਬਾਰੇ ਨਹੀਂ ਦੱਸ ਸਕਣਗੇ ਅਤੇ ਇਸ ਤਰ੍ਹਾਂ ਕਰਨ ਨਾਲ ਤੁਸੀਂ ਡਾਕਟਰੀ ਸਹਾਇਤਾ ਲੈਣ ਵਾਲੇ ਹੋਰ ਲੋਕਾਂ ਲਈ ਰੁਕਾਵਟ ਬਣੋਗੇ।
- ਵੱਧ ਤੋਂ ਵੱਧ ਸੁਰੱਖਿਆ ਲੈਣ ਲਈ ਤੁਹਾਨੂੰ ਦੋ ਵਾਰ ਟੀਕਾ ਲਗਵਾਉਣਾ ਪਵੇਗਾ ਇਸ ਲਈ ਤੁਸੀਂ ਦੋਨ੍ਹਾਂ ਅਪੁਆਇੰਟਮੈਂਟਾਂ 'ਤੇ ਜ਼ਰੂਰ ਜਾਓ।
- ਇਹ ਟੀਕਾ ਤੁਹਾਨੂੰ ਕੋਵਿਡ-19 ਨਾਲ ਗੰਭੀਰ ਰੂਪ ਵਿਚ ਬਿਮਾਰ ਹੋਣ ਤੋਂ ਰੋਕਣ ਵਿਚ ਮਦਦ ਕਰਦਾ ਹੈ ਲੇਕਿਨ ਅਜੇ ਵੀ ਹੋਰ ਲੋਕਾਂ ਨੂੰ ਤੁਹਾਡੇ ਕੋਲੋਂ ਵਾਇਰਸ ਮਿਲ ਸਕਦੀ ਹੈ ਇਸ ਲਈ ਅਜੇ ਵੀ ਸੁਰੱਖਿਆ ਸੇਧਾਂ ਦੀ ਪਾਲਣਾ ਕਰਨਾ ਬਹੁਤ ਜ਼ਰੂਰੀ ਹੈ - ਵਿਸ਼ੇਸ਼ ਕਰਕੇ, ਮਾਸਕ ਪਹਿਨਣਾ, ਆਪਣੇ ਹੱਥ ਧੋਣੇ ਅਤੇ ਦੋ ਮੀਟਰ ਦਾ ਫ਼ਾਸਲਾ ਰੱਖਣਾ।

**ਵੱਧ ਤੋਂ ਵੱਧ ਲੋਕਾਂ ਵਲੋਂ ਕੋਵਿਡ-19 ਦਾ ਟੀਕਾ ਲਗਵਾਉਣ ਨਾਲ ਸਾਨੂੰ ਬਹੁਤ ਉਮੀਦ ਹੈ ਕਿ ਜੀਵਨ ਮੁੜ ਕੇ ਆਮ ਵਾਂਗ ਹੋ ਜਾਵੇਗਾ। ਇਸ ਲਈ ਸੱਦਾ ਆਉਣ 'ਤੇ ਕ੍ਰਿਪਾ ਕਰਕੇ ਟੀਕਾ ਲਗਵਾਓ ਅਤੇ ਵਾਇਰਸ ਫ਼ੈਲਣ ਤੋਂ ਰੋਕਣ ਵਿਚ ਮਦਦ ਕਰੋ।**

ਟੀਕੇ ਬਾਰੇ ਜਾਣਕਾਰੀ ਇਸ ਪਤੇ ਤੋਂ ਲਵੋ www.nhs.uk/CovidVaccine